**Airo International Research Journal April, 2016**
**Volume VII, ISSN: 2320-3714**

# 'ਹੁਣ ਸਟਾਲਿਨ ਚੁੱਪ ਹੈ' ਵਿਚ ਰਾਜਸੀ ਚੇਤਨਾ ਦਾ ਰੂਪਾਂਤਰਣ

**ਮਨਜਿੰਦਰ ਸਿੰਘ**
**ਪੰਜਾਬੀ ਅਧਿਆਪਕ, ਅਕਾਲ ਅਕੈਡਮੀ, ਬਲਬੇੜਾ (ਪਟਿਆਲਾ)**

ਦੇਵਨੀਤ ਰਾਜਨੀਤਕ ਚੇਤਨਾ ਅਤੇ ਇਤਿਹਾਸਕ ਸੋਝੀ ਰੱਖਣ ਵਾਲਾ ਸ਼ਾਇਰ ਹੈ। ਇਤਿਹਾਸ ਉਸ ਦੇ ਕਾਵਿ ਇਕ ਸ਼ਕਤੀਸ਼ਾਲੀ ਥਾਂ ਰੱਖਦਾ ਹੈ। ਮਿਰਜ਼ਾ, ਬਾਬਾ ਬੂਝਾ, ਸਟਾਲਿਨ, ਲੈਲਿਨ, ਬੁਸ਼, ਕਾਮਰੇਡ, ਗਾਂਧੀ, ਭਗਤ ਸਿੰਘ, ਟ੍ਰਾਟਸਕੀ ਆਦਿ ਅਨੇਕਾਂ ਇਤਿਹਾਸਕ ਅਤੇ ਰਾਜਨੀਤਕ ਪਾਤਰ ਹਨ ਜੋ ਉਸ ਦੇ ਕਾਵਿ ਵਿਚ ਆਏ ਹਨ ਜੋ ਉਸ ਦੀ ਇਤਿਹਾਸਕ ਅਤੇ ਰਾਜਨੀਤਕ ਕਾਵਿ ਸੋਝੀ ਨੂੰ ਪੇਸ਼ ਕਰਦੇ ਹਨ।

ਦੇਵਨੀਤ ਦੀ ਕਵਿਤਾ ਲੋਕ ਦਰਦ ਅਤੇ ਦੱਬੇ ਕੁੱਚਲੇ ਲੋਕਾਂ, ਜ਼ੁਲਮ, ਨਾ-ਬਰਾਬਰੀ, ਗਰੀਬੀ, ਬੇਰੁਜ਼ਗਾਰੀ, ਮਜ਼ਦੂਰੀ ਨੂੰ ਪੇਸ਼ ਕਰਦੀ ਹੈ। ਦੇਵਨੀਤ ਦੀ ਕਵਿਤਾ ਕੇਵਲ ਪੰਜਾਬ ਜਾਂ ਭਾਰਤ ਦੀ ਗੱਲ ਹੀ ਨਹੀਂ ਕਰਦੀ ਸਗੋਂ ਅੰਤਰਰਾਸ਼ਟਰੀ ਹਾਲਾਤ ਨੂੰ ਪੇਸ਼ ਕਰਦੀ ਹੈ। ਦੇਵਨੀਤ ਇਤਿਹਾਸ ਨੂੰ ਫਰੋਲਦਾ ਹੈ ਅਤੇ ਆਪਣੀ ਹਰ ਕਵਿਤਾ ਨੂੰ ਅਮੂਰਤ ਭਾਵਾਂ ਨੂੰ ਪੇਸ਼ ਕਰਦਾ ਹੋਇਆ ਪ੍ਰਤੀਕਾਂ, ਚਿੰਨ੍ਹਾਂ ਦੀ ਵਰਤੋਂ ਕਰਦਾ ਹੈ। ਦੇਵਨੀਤ ਨੇ ਆਪਣੀ ਕਵਿਤਾ ਪੇਂਡੂ ਸਮਾਜ, ਸਰਮਾਏਦਾਰੀ, ਜ਼ਿੰਮੀਦਾਰੀ ਪੂੰਜੀਵਾਦੀ, ਸਮਾਜਵਾਦੀ, ਮਜ਼ਦੂਰ ਵਰਗ, ਜੱਟ, ਕਿਸਾਨ, ਕਾਮਰੇਡ, ਦੇਸ਼ ਭਗਤਾਂ ਆਦਿ ਦੀ ਗੱਲ ਕੀਤੀ ਹੈ। ਉਨ੍ਹਾਂ ਦੀ ਕਵਿਤਾ ਵਿਚ ਅੰਤਰਰਾਸ਼ਟਰੀ ਚਿੰਨ੍ਹ ਵੇਖੇ ਜਾ ਸਕਦੇ ਹਨ। ਵੱਖ-ਵੱਖ ਦੇਸ਼ ਰੂਸ, ਚੀਨ, ਅਮਰੀਕਾ ਅਤੇ ਵੱਖ-ਵੱਖ ਅੰਤਰਰਾਸ਼ਟਰੀ ਰਾਜੀ ਨੇਤਾ ਸਟਾਲਿਨ, ਲੈਲਿਨ, ਟ੍ਰਾਟਸਕੀ, ਬੁਸ਼, ਬਰਾਕ ਉਬਾਮਾ, ਕੋਲੰਬਸ, ਗੋਰਕੀ, ਅਸਸ਼ਾ ਆਦਿ। ਇਸ ਤਰ੍ਹਾਂ ਦੇਵਨੀਤ ਦੀ ਕਵਿਤਾ ਸਥਾਨਕ ਰਾਜਸੀ ਚੇਤਨਾ ਤੋਂ ਲੈ ਕੇ ਅੰਤਰਰਾਸ਼ਟਰੀ ਚੇਤਨਾ ਤੱਕ ਪਹੁੰਚਦੀ ਹੈ।

## ਸਥਾਨਕ ਰਾਜਸੀ ਚੇਤਨਾ

ਪੰਜਾਬ ਅਤ ਭਾਰਤ ਦੇ ਪ੍ਰਸੰਗ ਵਿਚ :

ਭਾਰਤ ਦੇ ਇਤਿਹਾਸ ਨੂੰ ਫਰੋਲਿਆ ਜਾਏ ਤਾਂ ਸਾਰਾ ਇਤਿਹਾਸ ਹੀ ਘੋਲਾ ਦੇ ਇਰਦ-ਗਿਰਦ ਘੁੰਮਦਾ ਨਜ਼ਰ ਆਉਂਦਾ ਹੈ। ਛੋਟੇ ਦਾ ਵੱਡੇ ਵਿਰੁੱਧ, ਗਰੀਬ ਦਾ ਅਮੀਰ ਵਿਰੁੱਧ, ਮਾੜੇ ਦਾ ਤਕੜੇ ਵਿਰੁੱਧ, ਗਰੀਬ ਅਤੇ ਬੇਜ਼ਮੀਨੇ ਕਿਸਾਨ ਦਾ ਜ਼ਿੰਮੀਦਾਰ, ਜਾਗੀਰਦਾਰ ਵਿਰੁੱਧ, ਮਜ਼ਦੂਰ ਦਾ ਸਰਮਾਏਦਾਰੀ ਵਿਰੁੱਧ।

ਪੰਜਾਬ ਸ਼ੁਰੂ ਤੋਂ ਹੀ ਜੰਗਾਂ, ਯੁੱਧਾਂ ਦਾ ਅਖਾੜਾ ਰਿਹਾ ਹੈ। ਪੰਜਾਬ ਨੂੰ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ ਜਿਸ ਨੂੰ ਪਾਉਣ ਲਈ ਹਰ ਰਾਜੇ-ਮਹਾਰਾਜੇ ਨੇ ਯਤਨ ਕੀਤੇ, ਭਾਰਤ ਉੱਪਰ ਹੋਣ ਵਾਲੇ ਹਰ ਹਮਲੇ ਦਾ ਸਾਹਮਣਾ ਪੰਜਾਬ ਦੇ ਲੋਕਾਂ ਨੂੰ ਹੀ ਕਰਨਾ ਪਿਆ ਜਿਸ ਕਾਰਨ ਪੰਜਾਬ ਦੇ ਲੋਕ ਸੂਰਬੀਰ ਤੇ ਨਿੱਡਰ ਬਣੇ ਪਰ ਇਨ੍ਹਾਂ ਹਮਲਿਆਂ ਕਾਰਨ ਜੋ ਆਰਥਿਕ ਅਤੇ ਸਮਾਜਿਕ ਪ੍ਰਭਾਵ ਪੰਜਾਬ ਦੇ ਲੋਕਾਂ ਤੇ ਪਿਆ ਉਹ ਬਹੁਤ ਦਰਦਨਾਕ ਸੀ। ਮੁਗਲਾਂ ਦੇ ਰਾਜ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਆਪਣੇ ਸਭਿਆਚਾਰ ਅਤੇ ਧਰਮ ਨੂੰ ਬਚਾਉਣ ਲਈ ਲੋਕਾਂ ਨੇ ਜਾਨਾਂ ਕੁਰਬਾਨ ਕੀਤੀਆਂ ਅਤੇ ਜ਼ੁਲਮ ਸਹਾਰੇ ਹਨ। ਲੋਕਾਂ ਵਿਚ ਜੋਸ਼ ਭਰਨ ਲਈ ਐਤ ਜ਼ੁਲਮ ਨਾਲ ਟੱਕਰ ਲੈਣ ਲਈ ਸਮੇਂ-ਸਮੇਂ ਤੇ ਕਾਵਿ ਦੀ ਰਚਨਾ ਹੋਈ ਜੋ ਕਵੀਸ਼ਰੀ, ਜੰਗਨਾਮੇ ਦੇ ਰੂਪ ਵਿਚ ਹੋਈ। ਇਹ ਕਵਿਤਾ ਦਾ ਹੀ ਰੂਪ ਸੀ ਪਰ ਇਸ ਉੱਪਰ ਧਾਰਮਿਕ ਰੰਗ ਜ਼ਿਆਦਾ ਸੀ। ਹੌਲੀ-ਹੌਲੀ ਵੱਖ-ਵੱਖ ਲਹਿਰਾਂ ਨੇ ਰਾਜਸੀ ਚੇਤਨਾ ਪੈਦਾ ਕੀਤੀ। ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਇਸ ਨੇ ਜ਼ੋਰ ਫੜ੍ਹ ਲਿਆ। ਅੰਤ ਇਹ

ਹੋਇਆ ਕਿ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਦੇਸ਼ ਆਜਾਂਦ ਹੋ ਗਿਆ ਪਰ ਜੋ ਦੁਰਦਸ਼ਾ ਹੋਈ ਉਸ ਨੂੰ ਲੋਕ ਕਦੀ ਵੀ ਨਹੀਂ ਭੁੱਲ ਸਕਦੇ।

"ਪੰਜਾਬ ਦੇ ਵਾਪਰੇ ਬੀਤੇ ਦਿਨਾਂ ਦੇ ਦੁਖਾਂਤ ਨੂੰ ਯਾਦ ਕਰਕੇ ਉਹ ਭਿਆਨਕ ਮੰਜ਼ਰ ਦਿਸਦਾ ਹੈ। ਜਦੋਂ ਮਨੁੱਖੀ ਕਦਰਾਂ-ਕੀਮਤਾਂ, ਮਾਨਵੀ ਕਦਰਾਂ-ਕੀਮਤਾਂ, ਭਾਈਚਾਰਕ, ਭਗਪਣ ਜ਼ਿੰਦਗੀ ਮਾਨਣ ਦਾ ਚਾਅ, ਖੁਸ਼ੀਆਂ ਦੇ ਖੇੜੇ ਸਮੇਂ ਦੇ ਦੇਤ ਨੇ ਨਿਗਲ ਲਏ ਸਨ। ਜ਼ਿੰਦਗੀ ਤੇ ਮੌਤ ਵਿਚ ਚਲ ਰਹੀ ਕਸ਼ਮਕਸ਼ ਵਿਚ ਮਨੁੱਖ ਦੀ ਹਾਲਤ ਜੰਗਲ ਤੋਂ ਸ਼ਹਿਰ ਵੱਲ ਤੱਕੇ ਿ ਗੱਦੜ ਵਰਗੀ ਸੀ। ਕਦਮ-ਕਦਮ ਤੇ ਮੌਤ ਦੇ ਸਾਏ ਸਨ, ਸ਼ਾਮ ਪੈਂਦਿਆ ਹੀ ਸੰਨਾਟਾਂ ਛਾ ਜਾਂਦਾ ਸੀ। ਲੋਕ ਘਰਾਂ ਨੂੰ ਜੰਦਰੇ ਮਾਰ ਜਿਉਂਦੇ ਮਾਰ ਜਿਉਂਦੇ ਜੀਅ ਡਰ ਅਤੇ ਸਹਿਮ ਨਾਲ ਮੋਇਆ ਬਰਾਬਰ ਹੋ ਜਾਂਦੇ ਸਨ। ਜਦੋਂ ਮਨੁੱਖ ਨੂੰ ਪਤਾ ਨਹੀਂ ਸੀ ਕਿ ਘਰ ਤੋਂ ਜਾਂ ਤਾਂ ਰਿਹਾ ਹਾਂ ਵਾਪਸ ਆਵਾਂਗਾ ਕਿ ਨਹੀਂ। ਬੜੇ ਹੀ ਨਾ ਖੁਸ਼ਗਵਾਰ ਦਿਨ ਸਮਾਂ ਹਰ ਪਾਸੇ ਮੌਤ ਦੇ ਸੌਦਾਗਰ ਤੋਂ ਰਹੇ ਸਨ।"[1]

ਜੋ ਪੇਸ਼ਕਾਰੀ ਦੇਵਨੀਤ ਨੇ ਇਸ ਹਾਲਾਤ ਦੀ ਕੀਤੀ ਹੈ ਉਹ ਬਹੁਤ ਹੀ ਸੂਖ਼ਮ ਢੰਗ ਨਾਲ ਪੇਸ਼ ਕੀਤ ਹੈ। ਇਸ ਨੂੰ ਸਮਝਣ ਲਈ ਡੂੰਘੀ ਸੂਝ ਦੀ ਲੋੜ ਹੈ। ਉਨ੍ਹਾਂ ਨੇ ਆਪਣੀ ਕਵਿਤਾ 'ਸੰਤਾਲਿਆ ਚੁਰਾਸੀਆਂ' ਵਿਚ ਇਸ ਦ੍ਰਿਸ਼ ਨੂੰ ਪੇਸ਼ ਕੀਤਾ ਹੈ :

"ਧਰਤ 'ਤੇ ਮੋਈਆਂ ਮਾਵਾਂ ਦਾ
ਢੇਰ ਹੈ
ਇਕ ਵੱਡੀ ਭੁੱਖ ਨੂੰ
ਪਤਾ ਨਹੀਂ ਹੈ

ਕੀ ਹੋ ਗਿਆ ਹੈ

ਉਹ ਤਾਂ

ਫਿਰ ਰਹੀ ਹੈ – ਮਾਂ ਦਰ ਮਾਂ

ਛਾਤੀ ਦਰ ਛਾਤੀ

ਆਪਣੀਆਂ ਖਾਲੀ ਮਾਸੂਮ ਅੱਖਾਂ ਨਾਲ ਉੱਪਰ ਵੇਖਦੀ ਹੈ।"[2]

ਦੇਵਨੀਤ ਨੇ ਇਸ ਅਮਾਨਵੀ ਧਾਰਮਿਕ ਵੰਡ ਨੂੰ ਆਪਣੀ ਕਵਿਤਾ 'ਖੈਰਦੀਨ' ਵਿਚ ਪੇਸ਼ ਕੀਤਾ ਹੈ ਕਿ ਕਿਵੇਂ ਧਰਮ ਦੀ ਵੰਡ ਨੇ ਖੈਰਦੀਨ ਮੁਸਲਮਾਨ ਨੂੰ ਸੱਜਣ ਸਿੰਘ ਬਣਾ ਦਿੱਤਾ।

"ਮੈਂ ਹੈਰਾਨ ਹਾਂ

ਇਹ ਖੈਰਦੀਨ ਐ ਕਿ ਸੱਜਣ ਸਿੰਘ

ਮਾਂ ਦੱਸਦੀ ਹੈ;

ਹੱਸੇ ਗੁੱਲੇ ਨੇ

ਖੈਰਦੀਨ ਨੂੰ ਸੱਜਣ ਸਿੰਘ ਕਰਾ ਦਿੱਤਾ ਸੀ

ਦਾੜ੍ਹੀ ਕੇਸ ਵਾਲਾ ਸ. ਸੱਜਣ ਸਿੰਘ,

ਖੈਰਦੀਨ ਗੁਰਦੁਆਰ ਗਿਆ

ਮੁੜਦਾ

ਹੋ ਗਿਆ ਸੱਜਣ ਸਿੰਘ

ਹੁਣ।"[3]

## ਕਿਸਾਨੀ ਸੰਕਟ ਦਾ ਰਾਜਸੀ ਪੱਖ

ਦੇਵਨੀਤ ਦਾ ਅਨੁਭਵ ਪੇਂਡੂ ਸਮਾਜ ਦਾ ਅਨੁਭਵ ਹੈ। ਉਹ ਨਿਰੋਲ ਪੇਂਡੂ ਯਥਾਰਥ ਨੂੰ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿਚ ਰੁਮਾਂਸ ਨਹੀਂ। ਉਸ ਦੀ ਕਵਿਤਾ ਵਿਚ ਪੇਂਡੂ ਸਮਾਜ ਵੱਖ-ਵੱਖ ਰੂਪਾਂ ਵਿਚ ਪੇਸ਼ ਆਉਂਦਾ ਹੈ। ਕਿਸਾਨ ਦੀ ਤਰਸਯੋਗ ਹਾਲਤ, ਕਿਸਾਨਾਂ ਦਾ ਖੁਦਕੁਸ਼ੀ ਕਰਨਾ, ਟਰੈਕ ਤੇ ਵਿਛਣਾ, ਕਰਜ਼ਾ, ਫਸਲਾਂ, ਨਦੀਨਾਂ, ਜੱਟ ਅੰਦਰਲਾ ਹੰਕਾਰ ਉਸ ਲਈ ਖਤਰਾ ਬਣਨਾ ਦੇਵਨੀਤ ਨੇ ਵਿਸ਼ੇ ਲਏ ਹਨ।

“ਹਰਗੋਬਿੰਦਪੁਰੇ ਦੇ ਉੱਤੇ
ਸੁੱਕੀ ਨਹਿਰ ਵਗ ਰਹੀ ਹੈ
ਥਾਂ ਪਰ ਥਾਂ
ਬਹੀਆਂ ’ਚ ਲੱਗੇ ‘ਗੂਠ’
ਉੱਗ ਰਹੇ ਹਨ
ਸਰਕੰਡੇ ਦੇ ਭਰਵੇਂ ਬੂਟਿਆਂ
ਵਾਂਗ
ਖੇਤਾਂ ’ਚ ਖੜ੍ਹੀਆਂ ਕਣਕਾਂ
ਹੱਥ ਜੋੜੀ ਕੰਬ ਰਹੀਆਂ ਹਨ
ਸੁੱਕੇ ਸੰਘੀਂ ਕਹਿ ਰਹੀਆਂ ਹਨ
ਸਰਕੰਡਿਆਂ ਨੂੰ

ਨਦੀਨ ਤੁਸੀਂ ਨਹੀਂ

ਅਸੀਂ ਹੋ ਗਈਆਂ ਹਾਂ।"[4]

ਦੇਵਨੀਤ ਜੱਟ ਫਿਰਕੇ ਦੇ ਕਈ ਰੂਪ ਦਿਖਾਉਂਦਾ ਹੈ। ਜੱਟਾਂ ਦੇ ਕਈ ਰੂਪ ਸਾਹਮਣੇ ਆਉਂਦੇ ਹਨ। ਆਰਥਿਕ ਪੱਖੋਂ ਖੁਸ਼ਹਾਲ ਜੱਟ ਬੇਜ਼ਮੀਨੇ ਜੱਟ ਨੂੰ ਨਫ਼ਰਤ ਕਰਦਾ ਹੈ ਅਤੇ ਆਪਣੇ ਆਪ ਨੂੰ ਉਸ ਤੋਂ ਉੱਚਾ ਸਮਝਦਾ ਹੈ। ਇਹ ਵੰਡ ਧਾਰਮਿਕ ਸਥਾਨਾਂ ਦੇ ਵਿਚ ਵੀ ਪੈਦਾ ਹੋ ਗਈ ਜਾਪਦੀ ਹੈ। ਦੇਵਨੀਤ ਦੀ ਕਵਿਤਾ 'ਵਿਯੂਅਲ ਇਕ ਵਿਯੂਅਲ ਦੋ' ਵਿਚ ਇਹ ਤੱਤ ਪੇਸ਼ ਹੁੰਦੇ ਹਨ :

"ਮੈਂ ਜੱਟ ਹਾਂ

ਇਹ ਸਤਰ ਖਤਰਨਾਕ ਹੈ

ਬਹੁਤ ਪਿਆਰੀ ਵੀ ਹੈ

ਇਹ ਸਤਰ ਵਿਗਸਤੀ ਘੁਮੰਡ ਹੈ

ਨਿਰੀ ਜੱਟ-ਬੂਟ

ਇਕ ਟੀਸ ਹੈ – ਇਹ ਸਤਰ

ਇਹ ਦਰਦ ਦੀ ਕਾਂ – ਅੰਗਿਆਰੀ

ਲੈਵਰੀ ਕਣਕ 'ਚ ਖੜ੍ਹੀ

ਇਸ ਸਤਰ ਦੇ ਦੋ ਵਿਯੂਅਲ ਵੇਖੋ........

ਵਿਯੂਅਲ ਨੰਬਰ ਇਕ

ਮੇਰਾ ਬਹੁਤ ਪਿਆਰਾ ਗੇਰ-ਜੱਟ ਮਿੱਤਰ

ਦਾਰੂ ਦੀ ਸਿਖਰ 'ਤੇ ਬੋਲਦਾ ਹੈ

ਮੈਂ ਤੇਰੇ ਵਰਗੇ ਪੰਜਾਹ ਜੱਟ

ਪੈਰਾਂ ਾਹੇਠ ਦਰੜੇ ਐ।"[5]

ਦੇਵਨੀਤ ਆਪਣੀ ਕਵਿਤਾ ਵਿਚ ਐਨੀਆਂ ਖਾਮੋਸ਼ ਪਰਤਾਂ ਉਸਾਰ ਦਿੰਦਾ ਹੈ ਕਿ ਉਹ ਇਕ ਤੋਂ ਬਾਅਦ ਇਕ ਖੁੱਲ੍ਹਣ ਦੀ ਮੰਗ ਕਰਦੀਆਂ ਹਨ। ਇਸ ਵਿਚ ਪਾਠਕ ਸੋਚਣ, ਚਿੰਤਨ ਅਤੇ ਸਮਝਣ ਦਾ ਰਸਤਾ ਤਲਾਸ਼ਦਾ ਹੀ ਰਹਿੰਦਾ ਹੈ।

"ਆਜ਼ਾਦੀ ਦੇ ਲਗਭਗ 20 ਸਾਲਾਂ ਪਿੱਛੋਂ ਗੰਭੀਰ ਰਾਜਨੀਤਕ ਸੰਕਟ, ਆਰਥਿਕ ਮੁਸੀਬਤਾਂ ਤੇ ਸਭਿਆਚਾਰਕ ਅਸੰਤੁਟਾ ਦਾ ਅਸ਼ਾਂਤ ਮਾਹੌਲ ਨਵੇਂ ਸੰਕਟ, ਨਵੇਂ ਜ਼ਾਵੀਏ ਉਭਾਰਦਾ ਹੈ।"[6] ਪਰ ਦੇਵਨੀਤ ਕਹਿੰਦਾ ਹੈ ਅੱਜ ਦੇ ਪੂੰਜੀਵਾਦੀ ਸਿਸਟਮ ਦੀ ਸਿੱਖਿਆ ਦਾ ਪਾਠਕ੍ਰਮ ਵਿਆਹ ਅਤੇ ਨੌਕਰੀਆਂ ਦਾ ਸੁਪਨਾ ਹੀ ਦਿੰਦਾ ਹੈ। ਇੱਥੇ ਕਿਸੇ ਦੀ ਕਾਬਲੀਅਤ ਨਹੀਂ ਵੇਖੀ ਜਾਂਦੀ।

"ਮਜ਼ਦੂਰਾਂ ਦੇ ਮੁੜਕੇ ਨਾਲ ਲਿਖਿਆ

ਪਾਠਕ੍ਰਮ

ਜਿਸ ਵਿਚ ਮੇਰੇ ਪਿੰਡ ਦੇ

ਬੰਤੂ ਬੱਕਰੀਆਂ ਵਾਲੇ ਦਾ

ਮਸਲਾ ਹੈ:

ਪਿੰਡ ਦਾ ਇਕ ਨੰਬਰ ਚੋਵਾਰ

ਫੜਾ ਕਿਉਂ???

ਔਰਤ ਦਾ ਵਿਆਹ ਜ਼ਮੀਨ ਨਾਲ ਹੁੰਦੈ

ਜੁੱਸੇ ਲਾਲ ਕਿਉਂ ਨਹੀਂ।"[7]

ਦੇਵਨੀਤ ਦੀ ਕਵਿਤਾ ਵਿਚ ਭਗਤ ਸਿੰਘ ਦਾ ਕਈ ਕਾਮਰੇਡ ਵਰਗੇ ਨਾਇਕ ਆਉਂਦੇ ਹਨ ਤਾਂ ਉਸ ਦੀ ਹਮਦਰਦੀ, ਭਾਵਨਾ ਅਤੇ ਉਸ ਦੀ ਦੂਰ ਦ੍ਰਿਸ਼ਟੀ ਹੋਰ ਡੂੰਘੀ ਹੋ ਜਾਂਦੀ ਹੈ। ਇਹ ਹਮਦਰਦੀ ਦੀ ਭਾਵਨਾ ਸ਼ਰਧਾਮੂਲਕ ਨਹੀਂ ਸਗੋਂ ਵਿਚਾਰਮੂਲਕ ਹੈ। ਦੇਵਨੀਤ ਦੀ ਕਵਿਤਾ ਸਥਾਪਤੀ ਵਿਰੋਧੀ ਹੈ। ਦੇਵਨੀਤ ਦੀ ਕਵਿਤਾ 'ਬੀਜ ਜੋ ਅਜੇ ਉਗਣਾ ਹੈ' ਵਿਚ ਭਗਤ ਸਿੰਘ ਬਾਰੇ ਵਿਚਾਰ ਹਨ :

"ਭਗਤ ਸਿੰਘ ਨੌਜੁਆਨ ਹੈ

ਸਿਰ ਫਿਰਿਆ

ਜਜ਼ਬਾਤੀ ਹੈ, ਗਰਮ-ਖੂਨ ਹੈ

ਜੋਸ਼ ਕੋਲ ਹੋਸ਼ ਨਹੀਂ ਹੁੰਦੀ

ਹਕੀਕਤਾਂ ਨਹੀਂ ਵਾਚਦੇ ਬੱਚੇ

ਬੱਸ ਅੜ ਜਾਂਦੇ ਹਨ

- - - - - - - -

- - - - - - - -

ਭਗਤ ਸਿੰਘ ਧਰਤ ਨੂੰ

ਨਤਮਸਤਕ ਹੋਇਆ

ਹੇ ਮਾਂ! ਬੀਜ ਹੈ ਹਰੀ ਕਾਇਮ

ਜ਼ਰੂਰ ਕਦੇ ਪੁੰਗਰੇਗਾ

ਤੇਰੇ ਅੰਦਰ।"[8]

## ਮਜ਼ਦੂਰ ਚੇਤਨਾ

ਦੇਵਨੀਤ ਨੇ ਆਪਣੀਆਂ ਕਵਿਤਾਵਾਂ ਵਿਚ ਕਿਸਾਨੀ ਸੰਕਟ ਦੇ ਨਾਲ ਕਿਸਾਨ-ਮਜ਼ਦੂਰ ਦੀ ਮਾੜੀ ਹਾਲਾਤ ਦਾ ਵੀ ਜ਼ਿਕਰ ਕੀਤਾ ਹੈ। ਇਕ ਚਿੰਤਨ ਸ਼ਿਅਰ ਹੋਣ ਕਰਕੇ ਉਸ ਨੇ ਮਜ਼ਦੂਰ ਵਰਗ ਦੀਆਂ ਤੰਗਆਂ, ਮਜ਼ਬੂਰੀਆਂ, ਤਕਲੀਫ਼ਾਂ ਨੂੰ ਚੰਗੀ ਤਰ੍ਹਾਂ ਪੇਸ਼ ਕੀਤਾ ਹੈ।

"ਬਾਈ ਸਿਆਂ - ਅਸਲ ਗੱਲ ਤਾਂ ਹੋਰ ਐ

ਜੱਟਾਂ ਨਾਲ ਸੀਰ ਕਰਦੇ ਸੀ

ਘਰ ਦੀ ਕੱਢਦੇ ਸੀ

ਆਥਣੇ ਪਾਈਆ ਪੀਂਦੇ

ਜੁਆਕ ਵਧੀਆ ਪਲਦੇ ਸੀ

ਹੁਣ ਤੂੰ ਦੇਖ ਲੈ

ਸੱਜਾ ਹੱਥ ਮਸ਼ੀਨ ਲੈ ਗਈ

ਸੀਰ ਮੈਥੋਂ ਫੁੱਟ ਗਿਆ

ਤੀਮੀਂ ਮੈਨੂੰ ਛੱਡ ਗਈ

ਦਾਰੂ ਮੈ ਛੱਡੀ ਨੀ।"[9]

ਦੇਵਨੀਤ ਇਕ ਗਰੀਬ ਔਰਤ ਜਿਸ ਨੂੰ ਅਸੀਂ ਆਮ ਹਰ ਥਾਂ ਤੇ ਫਾਲਤੂ ਸਮਾਨ ਚੁੱਕਦੇ ਦੇਖਦੇ ਹਾਂ ਜੋ ਸਾਡੇ ਲਈ ਬੇਕਾਰ ਹੁੰਦਾ ਹੈ ਪਰ ਉਸ ਲਈ ਰੋਜ਼ੀ ਰੋਟੀ ਦਾ ਸਾਧਨ ਹੁੰਦਾ ਹੈ ਦੀ ਦਾਸਤਾਂ ਬਿਆਨ ਕਰਦਾ ਹੈ :

"ਉਹ ਔਰਤ
ਅਕਸਰ ਵੇਖੀ ਜਾ ਸਕਦੀ ਹੈ
ਚੌਂਕਾਂ ਵਿਚ, ਸੜਕਾਂ 'ਤੇ
ਕਾਗਜ਼ਾਂ ਦੇ ਟੋਟੇ ਚੁੱਕਦੀ
ਕੱਚ, ਚੱਪਲਾਂ ਤੇ ਹੋਰ ਸਭ ਕੁੱਝ
ਜੋ ਉਸ ਤੋਂ ਬਿਨਾਂ
ਸਭ ਲਈ ਫਾਲਤੂ ਹੁੰਦਾ ਹੈ।"[10]

ਸੋ ਦੇਵਨੀਤ ਨੇ ਸਥਾਨਕ ਪੱਧਰ ਤੇ ਗੱਲ ਕਰਦੇ ਹੋਏ ਸਾਡਾ ਧਿਆਨ ਅਜੋਕੀ ਆਰਥਿਕ ਹਾਲਤ ਤੇ ਦੁਵਾਇਆ ਹੈ ਜਿੱਥੇ ਅਮੀਰ ਜ਼ਿਆਦਾ ਅਮੀਰ ਹੋ ਰਿਹਾ ਹੈ ਤੇ ਗਰੀਬ ਜ਼ਿਆਦਾ ਗਰੀਬ ਹੋ ਰਿਹਾ ਹੈ। ਅੱਜ ਭਾਰਤ ਨੂੰ ਆਜ਼ਾਦ ਹੋਏ ਭਾਵੇਂ ਸਾਲਾਂ ਬੀਤ ਚੁੱਕੇ ਹਨ ਪਰ ਜੋ ਤਰੱਕੀ ਦੀ ਉਮੀਦ ਇਸ ਦੀ ਕੀਤੀ ਗਈ ਸੀ ਉਸ ਤੇ ਪੂਰਾ ਨਹੀਂ ਉਤਰਿਆ। ਇਸ ਦਾ ਵੱਡਾ ਕਾਰਨ ਅਜੋਕੀ ਰਾਜਨੀਤੀ ਹੀ ਹੈ।

## ਅੰਤਰਰਾਸ਼ਟਰੀ ਰਾਜਸੀ ਪ੍ਰਸੰਗ

ਦੇਵਨੀਤ ਦੀਆਂ ਕਵਿਤਾਵਾਂ ਸਥਿਤੀ ਪ੍ਰਧਾਨ ਵੀ ਹਨ ਅਤੇ ਪਾਤਰ ਪ੍ਰਧਾਨ ਵੀ ਹਨ। ਟਾਈਟਲ 'ਹੁਣ ਸਟਾਲਿਨ ਚੁੱਪ ਹੈ' ਇਕ ਪਾਤਰ ਪ੍ਰਧਾਨ ਦੇ ਰੂਪ ਵਿਚ ਪੇਸ਼ ਹੁੰਦਾ ਹੈ। ਸਟਾਲਿਨ ਇਕ ਅੰਤਰਰਾਸ਼ਟਰੀ ਸਿਆਸਤਦਾਨ ਸੀ। ਜਿਸ ਨੇ ਰੂਸ ਵਿਚ ਕ੍ਰਾਂਤੀ ਲਿਆਂਦੀ। ਸਟਾਲਿਨ ਦੇ ਭਾਸ਼ਣਾਂ ਨੇ ਰੂਸ ਵਿਚ ਸਮਾਜਵਾਦ ਸਥਾਪਤ ਕੀਤਾ ਅਤੇ ਦੂਜੀ ਸੰਸਾਰ ਜੰਗ ਜਿੱਤਣ ਵਿਚ ਹਿੱਸਾ ਪਾਇਆ ਹੈ ਪਰ ਦੇਵਨੀਤ ਕਹਿੰਦਾ ਹੈ ਕਿ ਹੁਣ ਉਹ ਚੁੱਪ ਹੈ।

ਅਜੋਕੇ ਸੰਸਾਰ ਦੀ ਸਮਾਜੀ ਅਤੇ ਰਾਜਸੀ ਤਸਵੀਰ ਤੇਜ਼ੀ ਨਾਲ ਬਦਲ ਰਹੀ ਹੈ। "ਸ਼ਕਤੀ ਦਾ ਪਹਿਲਾ ਸੰਤੁਲਨ ਬਦਲ ਗਿਆ ਹੈ ਅਤੇ ਨਵਾਂ ਪੈਦਾ ਹੋਇਆ ਹੈ। ਪਹਿਲੇ ਸੰਤੁਲਨ ਵਿਚ ਸੋਵੀਅਤ ਰੂਸ ਅਤੇ ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ ਸੰਸਾਰ-ਪੂੰਜੀਵਾਦ ਦੇ ਸਾਹਮਣੇ ਇਕ ਚੁਣੌਤੀ ਵਾਂਗ ਖੜ੍ਹੇ ਸਨ। ਦੂਜੇ ਪਾਸੇ ਅਮਰੀਕਾ ਅਤੇ ਦੂਜੇ ਪੂੰਜੀਵਾਦੀ ਦਾ ਵਿਕਸਿਤ ਰੂਪ ਸਮਰਾਜਵਾਦ ਇਨ੍ਹਾਂ ਸੰਘਰਸ਼ਸ਼ੀਲ ਸਮਾਜਾਂ ਨੂੰ ਇਕ ਜਾਂ ਦੂਜੇ ਤਰੀਕੇ ਨਾਲ ਆਪਣੇ ਅਧੀਨ ਰੱਖ ਕੇ ਆਪਣੇ ਮਹਾਂ-ਮੁਨਾਫਿਆਂ ਨੂੰ ਵਧਾਉਣਾ ਚਾਹੁੰਦੇ ਸਨ।"[11]

ਸਮਾਜਵਾਦ ਦੇ ਵਿਕਾਸ ਵਿਚ ਸਟਾਲਿਨ ਨੇ 1924 ਵਿਚ ਅਚਾਨਕ ਘੋਸ਼ਣਾ ਕੀਤੀ ਕਿ ਸਮਾਜਵਾਦ ਇਕ ਦੇਸ਼ ਵਿਚ ਵੀ ਸੰਭਵ ਹੈ। 1924 ਵਿਚ ਹੋਈ ਸਿਧਾਂਤ ਸਟਾਲਿਨ ਅਤੇ ਟ੍ਰਾਟਸਕੀ ਆਪਸੀ ਸੰਘਰਸ਼ ਹੇਠ ਦਬ ਗਿਆ। ਉਹ ਦੋਵੇਂ ਹੀ ਲੈਨਿਨ ਦੀ ਥਾਂ ਲੈਣਾ ਚਾਹੁੰਦੇ ਸਨ। ਸਟਾਲਿਨ ਕਹਿੰਦਾ ਸੀ ਕਿ ਭਾਵੇਂ ਸਾਰੇ ਸੰਸਾਰ ਵਿਚ ਪੂੰਜੀਵਾਦ ਰਹੇ ਪਰ ਇਕ ਦੇਸ਼ ਵਿਚ ਸਮਾਜਵਾਦ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਲੈਨਿਨ ਅਤੇ ਟ੍ਰਾਟਸਕੀ ਰੂਸ ਨੂੰ ਇਕ ਸ਼ਕਤੀਸ਼ਾਲੀ ਪ੍ਰੋਲਤਾਰੀ

ਕਿਲ੍ਹਾ ਮੰਨਦੇ ਸਨ ਜਿਸ ਨੂੰ ਵਧੇਰੇ ਮਜ਼ਬੂਤ ਬਣਾਇਆ ਜਾ ਸਕਦਾ ਹੈ ਜੋ ਪੂੰਜੀਵਾਦ ਦਾ ਮੁਕਾਬਲਾ ਕਰ ਸਕਦਾ ਹੈ। ਦੇਵਨੀਤ ਆਪਣੀ ਕਵਿਤਾ 'ਬਰਾਕ ਉਬਾਮਾ ਦਾ ਸਹੁੰ ਚੁੱਕ ਸਮਾਗਮ' ਵਿਚ ਇਹ ਪੇਸ਼ ਕਰਦਾ ਹੈ ਅਤੇ ਰਾਜਨੀਤੀ ਅਤੇ ਇਤਿਹਾਸ ਦਾ ਕੇਂਦਰ ਬਣਾਉਂਦਾ ਹੈ।

"ਬਰਾਕ ੳਬਾਮਾ!
ਸਟਾਲਿਨ ਚੁੱਪ ਹੈ
ਟਰਾਟਸਕੀ ਕੁੱਝ ਕਹਿਣਾ ਚਾਹੁੰਦੈ
ਤੂੰ
ਸਟਾਲਿਨ ਦੇ ਹੁੱਝ ਮਾਰੇਂਗਾ?
ਟਰਾਟਸਕੀ ਨੂੰ ਕਿ ਸੁਣੇਗਾ
ਤੂੰ ਬੁਸ਼ ਨਹੀਂ ਹੈ
ਲੋਕ ਰੂਸ ਵਿਚ ਹੀ ਨਹੀਂ
ਤੇਰੇ ਦੇਸ਼ ਵਿਚ ਵੀ ਰਹਿੰਦੇ ਹਨ।"[12]

ਲੈਨਿਨ ਅਤੇ ਸਟਾਲਿਨ ਦੇ ਯਤਨ ਸਦਕਾ ਹੀ ਰੂਸ ਵਿਚ ਕ੍ਰਾਂਤੀ ਆਈ ਅਤੇ ਸਮਾਜਵਾਦ ਦੀ ਸਥਾਪਨਾ ਕੀਤੀ। ਪਰ ਲੈਨਿਨ ਨੇ ਅੰਤਰਰਾਸ਼ਟਰੀ ਸਮਾਜਵਾਦ ਦੀ ਗੱਲ ਕੀਤੀ ਸੀ। ਉਸ ਦਾ ਨਾਅਰਾ 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ' ਸੀ। ਪਰ ਸਟਾਲਿਨ ਨੇ ਸਮਾਜਵਾਦ ਦਾ ਅੰਤਿਮ ਟੀਚਾ ਰਾਸ਼ਟਰੀ ਘੇਰੇ ਵਿਚ ਹੀ ਰੱਖਿਆ। ਸਟਾਲਿਨ ਨੇ ਰੂਸੀ ਜਨਤਾ ਵਿਚ ਰਾਸ਼ਟਰਵਾਦ ਦੀਆਂ ਭਾਵਨਾਵਾਂ ਭਰ ਦਿੱਤੀਆਂ। ਉਸ ਨੇ ਆਪਣੇ ਭਾਸ਼ਣਾਂ ਵਿਚ ਕਿਹਾ ਕਿ ਰੂਸ ਇਕ ਖੁਸ਼ਹਾਲ ਰਾਸ਼ਟਰ

ਹੈ ਭਾਵੇਂ ਅੱਜ ਉਹ ਗਰੀਬ ਹੈ, ਭਾਵੇਂ ਰੂਸੀ ਜਨਤਾ ਮਜ਼ਰੂਰ ਹੋ ਚੁੱਕੀ ਹੈ, ਪਰ ਉਹ ਸ਼ਕਤੀਸ਼ਾਲੀ ਹੈ।

ਇਸ ਤਰ੍ਹਾਂ ਲੈਨਿਨ, ਸਟਾਲਿਨ, ਟ੍ਰਾਟਸਕੀ, ਸਾਰੇ ਸਿਆਸਤਦਾਨ ਸਨ ਤੇ ਰੂਸ ਦੇ ਵਾਸੀ ਸਨ ਜਿਨ੍ਹਾਂ ਨੇ ਰੂਸ ਵਿਚ ਕ੍ਰਾਂਤੀ ਲੈ ਆਂਦੀ ਸੀ। ਦੇਵਨੀਤ ਆਪਣੀ ਕਵਿਤਾ 'ਮੈਂ ਸਦਮੇ ਵਿਚ ਹਾਂ' ਵਿਚ ਇਨ੍ਹਾਂ ਨੂੰ ਯਾਦ ਕਰਦਾ ਹੈ ਤੇ ਕਹਿੰਦਾ ਹੈ। ਇਹ ਰੂਸ ਵਿਚ ਪੈਦਾ ਹੋਏ ਇਸ ਲਈ ਹਰ ਰੂਸੀ ਨੂੰ ਆਪਣੀ ਰੂਸੀ ਹੋਣ ਤੇ ਮਾਣ ਹੁੰਦਾ ਸੀ ਪਰ ਅੱਜ ਰੂਸ ਦੀ ਉਹ ਹਾਲਾਤ ਨਹੀਂ ਰਹੀ। ਅੱਜ ਉੱਥੇ ਵੀ ਔਰਤਾਂ 'ਤੇ ਜ਼ੁਲਮ ਹੋ ਰਹੇ ਹਨ। ਜੋ ਲੋਕ ਰੂਸੀ ਹੋਣ ਦਾ ਮਾਣ ਕਰਦੇ ਸਨ, ਜੋ ਔਰਤਾਂ ਐਨੀਆਂ ਤਾਕਤਵਰ ਸਨ ਕਿ ਜ਼ੁਲਮ ਸਹਿ ਕੇ ਵੀ ਬੱਚੇ ਨੂੰ ਜਨਮ ਦਿੰਦੀਆਂ ਸਨ। ਅੱਜ ਉਹ ਕੋਡੀਆਂ ਦੇ ਭਾਅ ਵਿਕ ਰਹੀਆਂ ਹਨ।

''ਅੱਜ ਤੱਕ ਦਾ ਜਾਣਦਾ ਸਾਂ  
ਬੰਦੇ ਦਾ ਰੂਸ 'ਚ ਕੰਮਣਾ  
ਕਿੰਨਾ ਮਹਾਨ ਹੈ  
ਬੰਦੇ ਦਾ ਰੂਸੀ ਹੋਣ ਕਿੰਨਾ  
ਮਾਣ ਹੈ ਕਿ  
ਲੈਨਿਨ ਰੂਸੀ, ਸਟਾਲਿਨ ਰੂਸੀ ਸੀ...  
...ਅੱਜ ਮੇਰੇ ਸ਼ਹਿਰ  
ਇਕ ਰੂਸੀ ਔਰਤ

ਇਕ ਇਕ ਰਾਤ ਲਈ

ਬਿਕਦੀ ਵੇਖ ਹੈ

ਮੈਂ ਇਕ ਸਦਮੇ ਵਿਚ ਹਾਂ।"[13]

ਸੋਵੀਅਤ ਰੂਸ ਦੇ ਟੁੱਟਣ ਤੋਂ ਬਾਅਦ ਜੋ ਦਰਦਨਾਕ ਹਾਲਤ ਬਣੀ ਉਸ ਨੂੰ ਦੇਵਨੀਤ ਕਹਿੰਦਾ ਹੈ ਕਿ ਜੋ ਔਰਤ ਅੰਤਾਂ ਦੀ ਜੱਦੋ-ਜਹਿਦ ਦੀ ਤਾਕਤ ਰੱਖਦੀ ਸੀ ਉਹ ਅੱਜ ਸ਼ਹਿਰ ਵਿਚ ਜਿਸਮ ਵੇਚਣ ਲਈ ਮਜ਼ਬੂਰ ਹੈ। ਇੱਥੇ ਹੀ ਉਹ ਸਟਾਲਿਨ ਨੂੰ ਯਾਦ ਕਰਦਾ ਹੈ ਕਿ ਹੁਣ ਸਟਾਲਿਨ ਚੁੱਪ ਕਿਉਂ ਹੈ।

## ਹਵਾਲੇ ਟਿੱਪਣੀਆਂ

[1] ਜਸਵਿੰਦਰ ਧਨਾਨਸੂ, **ਆਧੁਨਿਕ ਪੰਜਾਬੀ ਕਵਿਤਾ ਦਾ ਵਿਸ਼ੈਗਤ ਵਿਸ਼ਲੇਸ਼ਣ**, ਪੰਨਾ 126.

[2] ਦੇਵਨੀਤ, **ਹੁਣ ਸਟਾਲਿਨ ਚੁੱਪ ਹੈ**, ਪੰਨਾ 58.

[3] ਉਹੀ, ਪੰਨਾ 59.

[4] ਉਹੀ, ਪੰਨਾ 26.

[5] ਉਹੀ, ਪੰਨਾ 32-33.

[6] ਜਸਵਿੰਦਰ ਸਿੰਘ, **ਨਵੀਂ ਪੰਜਾਬੀ ਕਵਿਤਾ**, ਪੰਨਾ 18.

[7] ਦੇਵਨੀਤ, **ਹੁਣ ਸਟਾਲਿਨ ਚੁੱਪ ਹੈ**, ਪੰਨਾ 47.

[8] ਉਹੀ, ਪੰਨਾ 54.

[9] ਉਹੀ, ਪੰਨਾ 42.

[10] ਉਹੀ, ਪੰਨਾ 43.

[11] ਸਵਰਨ ਚੰਦਨ (ਡਾ.), **ਸਾਹਿਤ ਸਮਾਜ ਤੇ ਰਾਜਨੀਤੀ**, ਪੰਨਾ 64.

[12] ਦੇਵਨੀਤ, **ਹੁਣ ਸਟਾਲਿਨ ਚੁੱਪ ਹੈ**, ਪੰਨਾ 25.

[13] ਉਹੀ, ਪੰਨਾ 49-50.